

## ਪੈਟ ਟੈੱਸਟ ਦੇ ਅਸਾਧਾਰਣ ਨਤੀਜੇ ਦਾ ਕੀ ਮਤਲਬ ਹੈ?

ਸਰਵੀਕਲ ਕੈਂਸਰ ਸਕਰੀਨਿੰਗ (ਪੈਪ ਟੈੱਸਟ) ਦੇ ਅਸਾਧਾਰਣ ਹੋਣ ਦਾ ਮਤਲਬ ਹੈ ਕਿ ਤੁਹਾਡੀ ਸਰਵਿਕਸ ਉੱਪਰ ਅਜਿਹੇ ਸੈੱਲ ਲੱਭੇ ਹਨ ਜਿਹੜੇ ਸਾਧਾਰਣ (ਨੌਰਮਲ) ਦਿਖਾਈ ਨਹੀਂ ਦਿੰਦੇ। ਅਸਾਧਾਰਣ ਨਤੀਜੇ ਆਉਣਾ ਆਮ ਗੱਲ ਹੈ ਅਤੇ ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਕੈਂਸਰ ਹੈ ਜਾਂ ਤੁਹਾਡੇ ਵਿਚ ਕੈਂਸਰ ਤੋਂ ਪਹਿਲਾਂ ਵਾਲੇ ਸੈੱਲ ਹਨ। ਸੈੱਲਾਂ ਵਿਚ ਤਬਦੀਲੀਆਂ ਦੀ ਕਿਸਮ ਦਾ ਪਤਾ ਲਾਉਣ ਲਈ ਪੈਰਵੀ ਕੀਤੇ ਜਾਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

## ਕੀ ਕੋਲਪੋਸਕੋਪੀ ਦਾ ਟੈੱਸਟ ਕਰਨ ਵੇਲੇ ਦੁਖ ਲੱਗਦਾ ਹੈ?

ਕੋਲਪੋਸਕੋਪੀ ਆਪਣੇ ਆਪ ਵਿਚ ਦੁਖਦਾਈ ਨਹੀਂ ਹੋਣੀ ਚਾਹੀਦੀ, ਪਰ ਇਹ ਬੇਆਰਾਮੀ ਕਰਨ ਵਾਲੀ ਹੋ ਸਕਦੀ ਹੈ। ਜੇ ਟੈੱਸਟ ਦੌਰਾਨ ਬਾਇਓਪਸੀ ਲਈ ਜਾਂਦੀ ਹੈ ਤਾਂ ਤੁਹਾਨੂੰ ਚੂੰਢੀ ਵੱਢ ਹੁੰਦੀ ਜਾਂ ਸੂਲ ਹੁੰਦਾ ਮਹਿਸੂਸ ਹੋ ਸਕਦਾ ਹੈ।

## ਕੋਲਪੋਸਕੋਪੀ ਕਰਵਾਉਣ ਦੇ ਕੀ ਖਤਰੇ ਹਨ?

ਕੋਲਪੋਸਕੋਪੀ ਨਾਲ ਸਮੱਸਿਆਵਾਂ ਪੈਦਾ ਹੋਣ ਦਾ ਖਤਰਾ ਘੱਟ ਹੈ, ਪਰ ਬਹੁਤ ਘੱਟ ਕੇਸਾਂ ਵਿਚ ਬਾਇਓਪਸੀ ਨਾਲ ਇਨਫੈਕਸ਼ਨ ਜਾਂ ਬਲੀਡਿੰਗ ਹੋ ਸਕਦੀ ਹੈ।

## ਸਾਡੇ ਨਾਲ ਸੰਪਰਕ ਕਰੋ


BC Cancer Cervix Screening
801-686 West Broadway
Vancouver, BC V5Z 1G1

ਫੋਨ: 1-877-702-6566
ਈਮੇਲ: screening@bccancer.bc.ca
ਵੈੱਬ: www.screeningbc.ca/cervix



ਤੁਹਾਡੀ ਨਿੱਜੀ ਜਾਣਕਾਰੀ, ਨਿੱਜੀ ਜਾਣਕਾਰੀ ਦੀ ਹਿਫਾਜ਼ਤ ਦੇ ਐਕਟ, ਅਤੇ ਜਦੋਂ ਲਾਗੂ ਹੁੰਦਾ ਹੋਵੇ, ਫ੍ਰੀਡਮ ਔਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ ਪ੍ਰਾਈਵੇਸੀ ਐਕਟ ਦੇ ਮੁਤਾਬਕ ਇਕੱਠੀ ਕੀਤੀ ਜਾਂਦੀ ਹੈ ਅਤੇ ਇਸ ਦੀ ਅਣਅਧਿਕਾਰਤ ਵਰਤੋਂ ਤੋਂ ਅਤੇ ਅਗਾਂਹ ਦੱਸੇ ਜਾਣ ਤੋਂ ਰੱਖਿਆ ਕੀਤੀ ਜਾਂਦੀ ਹੈ। ਇਹ ਜਾਣਕਾਰੀ ਸਿਰਫ ਇਨ੍ਹਾਂ ਐਕਟਾਂ ਮੁਤਾਬਕ ਹੀ ਵਰਤੀ ਅਤੇ ਅਗਾਂਹ ਦੱਸੀ ਜਾ ਸਕਦੀ ਹੈ, ਅਤੇ ਇਸ ਦੀ ਵਰਤੋਂ ਕੁਆਲਟੀ ਨੂੰ ਯਕੀਨੀ ਬਣਾਉਣ ਲਈ ਕੀਤੀ ਜਾਵੇਗੀ ਅਤੇ ਇਲਾਜ ਕਰਨ ਵਾਲੇ ਹੈਲਥਕੇਅਰ ਪ੍ਰੈਕਟੀਸ਼ਨਰਾਂ ਨੂੰ ਦਿੱਤੀ ਜਾਵੇਗੀ ਜਾਂ ਜਦੋਂ ਕਾਨੂੰਨ ਮੁਤਾਬਕ ਅਜਿਹਾ ਕਰਨਾ ਜ਼ਰੂਰੀ ਹੋਵੇ।

ਬੀ ਸੀ ਕੈਂਸਰ ਵਲੋਂ ਇਕੱਠੀ ਕੀਤੀ ਜਾਣ ਵਾਲੀ ਜਾਣਕਾਰੀ ਦੇ ਸੰਬੰਧ ਵਿਚ ਕੋਈ ਵੀ ਸਵਾਲ ਓਪਰੇਸ਼ਨਜ਼ ਡਾਇਰੈਕਟਰ, ਕੈਂਸਰ ਸਕਰੀਨਿੰਗ ਤੋਂ ਪੁੱਛੇ ਜਾ ਸਕਦੇ ਹਨ (ਐਡਰੈਸ: 801 – 686 West Broadway, Vancouver BC V5Z 1G1, ਵੈੱਬ: www.screeningbc.ca ਜਾਂ ਈਮੇਲ: screening@bccancer.bc.ca)



Version: November 2020
Punjabi


BC CANCER CERVIX SCREENING
Provincial Health Services Authority



# ਕੋਲਪੋਸਕੋਪੀ

## ਕੋਲਪੋਸਕੋਪੀ ਬਾਰੇ ਤੁਹਾਡੇ ਸਵਾਲਾਂ ਦੇ ਜਵਾਬ ਦੇਣਾ

www.screeningbc.ca/cervix



# ਜੇ ਹੁਣੇ ਹੁਣੇ ਤੁਹਾਡਾ ਪੈਪ ਟੈੱਸਟ ਅਸਾਧਾਰਣ (ਅਬਨੌਰਮਲ) ਆਇਆ ਹੈ ਤਾਂ ਤੁਹਾਡਾ ਡਾਕਟਰ ਪੈਰਵੀ ਲਈ ਦੁਬਾਰਾ ਕੋਲਪੋਸਕੋਪੀ ਟੈੱਸਟ ਕਰਨ ਦੀ ਸਿਫਾਰਸ਼ ਕਰ ਸਕਦਾ ਹੈ।

## ਕੋਲਪੋਸਕੋਪੀ ਕੀ ਹੈ?

ਕੋਲਪੋਸਕੋਪੀ ਇਕ ਟੈੱਸਟ ਹੈ ਜੋ ਕਿ ਤੁਹਾਡੀ ਸਰਵਿਕਸ (ਬੱਚੇਦਾਨੀ ਦੇ ਮੂੰਹ) ਅਤੇ ਯੋਨੀ (ਵਜਾਇਨਾ) ਦੀ ਜਾਂਚ ਕਰਨ ਲਈ ਕੀਤਾ ਜਾਂਦਾ ਹੈ। ਸਪੈਸ਼ਲਿਸਟ ਨੁਕਸਾਂ ਦਾ ਪਤਾ ਲਾਉਣ ਲਈ ਕੋਲਪੋਸਕੋਪ ਨਾਂ ਦੀ ਇਕ ਖਾਸ ਮਾਈਕਰੋਸਕੋਪ ਦੀ ਵਰਤੋਂ ਕਰੇਗਾ। ਕੋਲਪੋਸਕੋਪੀ ਦੌਰਾਨ, ਸਪੈਸ਼ਲਿਸਟ ਅਸਾਧਾਰਣ ਦਿਖਾਈ ਦੇਣ ਵਾਲੀ ਕਿਸੇ ਵੀ ਥਾਂ ਤੋਂ ਟਿਸ਼ੂ (ਬਾਇਓਪਸੀ) ਲੈ ਸਕਦਾ ਹੈ।

## ਕੋਲਪੋਸਕੋਪੀ ਤੋਂ ਬਾਅਦ ਕੀ ਹੁੰਦਾ ਹੈ?

ਜੇ ਬਾਇਓਪਸੀ ਲਈ ਗਈ ਸੀ ਤਾਂ ਕੁਝ ਮੈਲਾ ਨਿਕਲ ਸਕਦਾ ਹੈ ਜੋ ਕਿ 24-48 ਘੰਟਿਆਂ ਦੇ ਵਿਚ ਬੰਦ ਹੋ ਜਾਣਾ ਚਾਹੀਦਾ ਹੈ। ਜੇ ਖੂਨ ਰੋਕਣ ਲਈ ਟੈਂਪੋਨ ਦੀ ਵਰਤੋਂ ਕੀਤੀ ਜਾ ਰਹੀ ਹੈ ਤਾਂ ਇਹ ਪੱਕਾ ਕਰੋ ਕਿ ਇਹ ਪਾਉਣ ਤੋਂ ਤਿੰਨ ਘੰਟੇ ਬਾਅਦ ਕੱਢ ਦਿੱਤਾ ਗਿਆ ਹੈ। ਜੇ ਤੁਹਾਨੂੰ ਹੋਰ ਮੈਲਾ ਪੈਂਦਾ ਦਿਖਾਈ ਦੇਵੇ ਤਾਂ ਇਕ ਹੋਰ ਟੈਂਪੋਨ ਜਾਂ ਪੈਡ ਵਰਤਿਆ ਜਾ ਸਕਦਾ ਹੈ।

## ਮੈਨੂੰ ਆਪਣੇ ਨਤੀਜਿਆਂ ਦਾ ਕਦੋਂ ਪਤਾ ਲੱਗੇਗਾ?

ਤੁਹਾਡੇ ਕੋਲਪੋਸਕੋਪੀ ਦੇ ਨਤੀਜੇ 2-4 ਹਫਤਿਆਂ ਵਿਚ ਮਿਲ ਜਾਣਗੇ ਅਤੇ ਡਾਕਟਰ ਇਨ੍ਹਾਂ ਬਾਰੇ ਤੁਹਾਡੇ ਨਾਲ ਵਿਚਾਰ ਕਰੇਗਾ ਅਤੇ ਜੇ ਕੋਈ ਅਗਲੇ ਕਦਮ ਚੁੱਕਣੇ ਹੋਣ ਤਾਂ ਇਸ ਬਾਰੇ ਤੁਹਾਡੇ ਨਾਲ ਗੱਲ ਕਰੇਗਾ। ਜੇ ਤੁਸੀਂ ਚਾਰ ਹਫਤਿਆਂ ਦੇ ਵਿਚ ਵਿਚ ਆਪਣੇ ਡਾਕਟਰ ਤੋਂ ਨਹੀਂ ਸੁਣਦੇ ਤਾਂ ਕਿਰਪਾ ਕਰਕੇ ਉਸ ਨੂੰ ਫੋਨ ਕਰੋ।

## ਮੇਰੀ ਕੋਲਪੋਸਕੋਪੀ ਦੌਰਾਨ ਕੀ ਹੁੰਦਾ ਹੈ?

1. ਟੈੱਸਟ ਬਹੁਤਾ ਪੈਪ ਟੈੱਸਟ ਵਾਂਗ ਹੀ ਸ਼ੁਰੂ ਹੁੰਦਾ ਹੈ: ਸਰਵਿਕਸ (ਬੱਚੇਦਾਨੀ ਦੇ ਮੂੰਹ) ਨੂੰ ਬਿਹਤਰ ਤਰੀਕੇ ਨਾਲ ਦੇਖਣ ਲਈ ਯੋਨੀ ਦੇ ਪਾਸਿਆਂ ਨੂੰ ਨਰਮੀ ਨਾਲ ਫੈਲਾਉਣ ਲਈ ਸਪੈਸ਼ਲਿਸਟ ਸਪੈਕੁਲਮ ਨਾਂ ਦੇ ਇਕ ਯੰਤਰ ਦੀ ਵਰਤੋਂ ਕਰੇਗਾ।
2. ਕਿਸੇ ਵੀ ਅਸਾਧਾਰਣ ਚੀਜ਼ ਨੂੰ ਜ਼ਿਆਦਾ ਦਿਖਾਈ ਦੇਣ ਵਾਲੀ ਬਣਾਉਣ ਲਈ ਤੁਹਾਡੀ ਬੱਚੇਦਾਨੀ ਦੇ ਮੂੰਹ ਉੱਪਰ ਵਿਨੇਗਰ ਜਾਂ ਆਇਓਡੀਨ ਲਗਾਏ ਜਾ ਸਕਦੇ ਹਨ।
3. ਫਿਰ ਸਪੈਸ਼ਲਿਸਟ ਹੋਰ ਟੈੱਸਟ ਕੀਤੇ ਜਾਣ ਲਈ ਤੁਹਾਡੀ ਸਰਵਿਕਸ ਤੋਂ ਟਿਸ਼ੂ (ਬਾਇਓਪਸੀ) ਲਵੇਗਾ। ਇਹ ਟੈੱਸਟ 5-10 ਮਿੰਟਾਂ ਵਿਚ ਪੂਰਾ ਹੋ ਜਾਂਦਾ ਹੈ।

ਕੋਲਪੋਸਕੋਪੀ ਦੇ ਟੈੱਸਟ ਬਾਰੇ ਵੀਡਿਓ ਦੇਖੋ:
www.screeningbc.ca/cervix




## ਆਪਣੀ ਕੋਲਪੋਸਕੋਪੀ ਦੇ ਨਤੀਜਿਆਂ ਨੂੰ ਸਮਝਣਾ

ਪੈਰਵੀ ਕਰਨ ਅਤੇ ਚੁੱਕੇ ਜਾਣ ਵਾਲੇ ਅਗਲੇ ਕਦਮਾਂ ਦਾ ਫੈਸਲਾ ਕੋਲਪੋਸਕੋਪੀ ਵਿਚ ਪਤਾ ਲੱਗੀਆਂ ਸੈੱਲਾਂ ਵਿਚ ਆਈਆਂ ਤਬਦੀਲੀਆਂ ਦੀਆਂ ਕਿਸਮਾਂ ਮੁਤਾਬਕ ਕੀਤਾ ਜਾਂਦਾ ਹੈ:

**ਲੋਅ-ਗਰੇਡ**

ਸੈੱਲਾਂ ਵਿਚ ਮਾਮੂਲੀ ਤਬਦੀਲੀਆਂ ਜਿਹੜੀਆਂ ਆਪਣੇ ਆਪ ਠੀਕ ਹੋ ਜਾਂਦੀਆਂ ਹਨ।

### ਮੇਰੀ ਕੋਲਪੋਸਕੋਪੀ ਦੇ ਨਤੀਜੇ ਸੈੱਲਾਂ ਵਿਚ **ਲੋਅ-ਗਰੇਡ** ਦੀਆਂ ਤਬਦੀਲੀਆਂ ਦਿਖਾਉਂਦੇ ਹਨ (ਸਰਵੀਕਲ ਇੰਟਰਾਇਪਥੀਲੀਅਲ ਨੀਓਪਲੇਜ਼ੀਆ ਗਰੇਡ 1, ਜਾਂ ਸੀ ਆਈ ਐੱਨ 1)। ਮੈਨੂੰ ਹੁਣ ਕੀ ਕਰਨਾ ਚਾਹੀਦਾ ਹੈ?

ਸੈੱਲਾਂ ਵਿਚ ਮਾਮੂਲੀ ਤਬਦੀਲੀਆਂ ਜਿਵੇਂ ਕਿ ਸੀ ਆਈ ਐੱਨ 1, ਅਕਸਰ ਆਪਣੇ ਆਪ ਠੀਕ ਹੋ ਜਾਂਦੀਆਂ ਹਨ। ਆਮ ਤੌਰ 'ਤੇ ਸੀ ਆਈ ਐੱਨ 1 ਲਈ ਇਲਾਜ ਦੀ ਲੋੜ ਨਹੀਂ ਹੁੰਦੀ ਹੈ। ਤੁਹਾਡਾ ਡਾਕਟਰ ਤੁਹਾਨੂੰ ਤੁਹਾਡੀ ਕੋਲਪੋਸਕੋਪੀ ਦੇ ਨਤੀਜੇ ਦੱਸੇਗਾ ਅਤੇ ਚੁੱਕੇ ਜਾਣ ਵਾਲੇ ਕਿਸੇ ਅਗਲੇ ਕਦਮਾਂ ਬਾਰੇ ਜਾਣਕਾਰੀ ਦੇਵੇਗਾ।

**ਹਾਈ-ਗਰੇਡ**

ਸੈੱਲਾਂ ਵਿਚਲੀਆਂ ਉਹ ਤਬਦੀਲੀਆਂ ਜਿਹੜੀਆਂ ਕੈਂਸਰਾਂ ਤੋਂ ਪਹਿਲਾਂ ਵਾਲੀਆਂ ਹੁੰਦੀਆਂ ਹਨ ਅਤੇ ਜਿਨ੍ਹਾਂ ਦਾ ਇਲਾਜ ਕੀਤੇ ਜਾਣ ਦੀ ਲੋੜ ਹੁੰਦੀ ਹੈ।

### ਮੇਰੀ ਕੋਲਪੋਸਕੋਪੀ ਦੇ ਨਤੀਜੇ ਸੈੱਲਾਂ ਵਿਚ **ਹਾਈ-ਗਰੇਡ** ਦੀਆਂ ਤਬਦੀਲੀਆਂ ਦਿਖਾਉਂਦੇ ਹਨ (ਸਰਵੀਕਲ ਇੰਟਰਾਇਪਥੀਲੀਅਲ ਨੀਓਪਲੇਜ਼ੀਆ ਗਰੇਡ 2 ਜਾਂ 3, ਜਾਂ ਸੀ ਆਈ ਐੱਨ 2, ਸੀ ਆਈ ਐੱਨ 3)। ਮੈਨੂੰ ਅਗਾਂਹ ਕੀ ਕਰਨਾ ਚਾਹੀਦਾ ਹੈ?

ਤੁਹਾਡਾ ਡਾਕਟਰ ਲੂਪ ਇਲੈਕਟਰੋਸਰਜੀਕਲ ਐਕਸਿਜ਼ਨ ਪ੍ਰੋਸੀਜਰ (ਲੀਪ) ਕਰਵਾਉਣ ਬਾਰੇ ਗੱਲਬਾਤ ਕਰੇਗਾ, ਜੋ ਕਿ ਕੋਲਪੋਸਕੋਪੀ ਕਲੀਨਿਕ ਵਿਚ ਕੀਤਾ ਜਾ ਸਕਦਾ ਹੈ। ਜੇ ਇਲਾਜ ਨਾ ਕੀਤਾ ਜਾਵੇ ਤਾਂ ਸਮਾਂ ਪਾ ਕੇ, ਸੀ ਆਈ ਐੱਨ 2 ਅਤੇ ਸੀ ਆਈ ਐੱਨ 3 ਕੈਂਸਰ ਬਣ ਸਕਦੇ ਹਨ।